# Minister of State for External Affairs Smt. Meenakashi Lekhi’s visit to Switzerland (September 28-30, 2021)

October 08, 2021

---

## ਵਿਦੇਸ਼ ਰਾਜ ਮੰਤਰੀ ਸ਼੍ਰੀਮਤੀ ਡਾ. ਮੀਨਾਕਸ਼ੀ ਲੇਖੀ ਵੱਲੋਂ ਸਵਿਟਜ਼ਰਲੈਂਡ ਫੇਰੀ (28-30 ਸਤੰਬਰ, 2021)

**8 ਅਕਤੂਬਰ, 2021**

ਵਿਦੇਸ਼ ਮਾਮਲੇ ਅਤੇ ਸੱਭਿਆਚਾਰ ਰਾਜ ਮੰਤਰੀ (MoS) ਸ਼੍ਰੀਮਤੀ ਮੀਨਾਕਸ਼ੀ ਲੇਖੀ ਨੇ 28-30 ਸਤੰਬਰ, 2021 ਤੱਕ ਸਵਿਟਜ਼ਰਲੈਂਡ ਦਾ ਅਧਿਕਾਰਤ ਦੌਰਾ ਕੀਤਾ। ਆਪਣੀ ਇਸ ਫੇਰੀ ਦੌਰਾਨ ਉਨ੍ਹਾਂ ਨੇ 29 ਸਤੰਬਰ, 2021 ਨੂੰ ਬਰਨ ਵਿੱਚ ਸਵਿਸ ਕਨਫੈਡਰੇਸ਼ਨ ਦੇ ਪ੍ਰਧਾਨ ਮਹਾਮਹਿਮ ਗਾਏ ਪਰਮੇਲਿਨ ਨਾਲ ਮੁਲਾਕਾਤ ਕੀਤੀ। ਦੋਵਾਂ ਧਿਰਾਂ ਨੇ ਵਪਾਰ ਅਤੇ ਨਿਵੇਸ਼, ਵਿਗਿਆਨ ਅਤੇ ਤਕਨਾਲੋਜੀ, ਸੱਭਿਆਚਾਰ ਅਤੇ ਲੋਕ ਪੱਧਰੀ ਸੰਪਰਕ ਵਿੱਚ ਲੰਬੇ ਸਮੇਂ ਤੋਂ ਚੱਲੀ ਆ ਰਹੀ ਦੁਵੱਲੀ ਭਾਈਵਾਲੀ ਅਤੇ ਮਜ਼ਬੂਤ ਸਬੰਧਾਂ ਬਾਰੇ ਚਰਚਾ ਕੀਤੀ।

ਰਾਜ ਮੰਤਰੀ ਨੇ ਸਵਿਸ ਸੰਸਦ ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ ਅਤੇ "ਉਭਰ ਰਹੇ ਬਾਜ਼ਾਰਾਂ ਵਿੱਚ ਬੁਨਿਆਦੀ ਢਾਂਚਾ - ਵਿਕਾਸ ਅਤੇ ਅਸਲ ਪ੍ਰਭਾਵ ਦਾ ਇੰਜਣ" ਵਿਸ਼ੇ ਤੇ ਹੋਏ ਪਹਿਲੇ NZZ ਇਮਪੈਕਟ ਫਾਇਨਾਂਸ ਕਾਨਫਰੰਸ ਵਿੱਚ ਸਨਮਾਨਤ ਮਹਿਮਾਨ ਵਜੋਂ ਸ਼ਾਮਲ ਹੋਏ। ਕਾਨਫਰੰਸ ਵਿੱਚ ਉਨ੍ਹਾਂ ਨੇ "ਜਲਵਾਯੂ ਤਬਦੀਲੀ, ਨਵਿਆਉਣਯੋਗ ਊਰਜਾ ਅਤੇ ਭਾਰਤ ਦੇ ਅਭਿਲਾਸ਼ੀ ਜਲਵਾਯੂ ਟੀਚੇ ਦੀ ਮਦਦ ਕਰਨ ਲਈ ਵਿਦੇਸ਼ੀ ਨਿਵੇਸ਼ ਦੀ ਮਹੱਤਤਾ" ਵਿਸ਼ੇ 'ਤੇ ਗੱਲ ਕੀਤੀ। ਉਹ ਸਵਿਸ ਇੰਡੀਆ ਚੈਂਬਰ ਆਫ਼ ਕਾਮਰਸ ਦੀ 18ਵੀਂ ਸਾਲਾਨਾ ਆਮ ਮੀਟਿੰਗ (AGM) ਵਿੱਚ ਮੁੱਖ ਨੋਟ ਬੁਲਾਰੇ ਸਨ ਅਤੇ ਉਨ੍ਹਾਂ ਨੇ ਜ਼ਿਊਰਿਖ ਵਿੱਚ ਭਾਰਤੀ ਪਰਵਾਸੀਆਂ ਨੂੰ ਸੰਬੋਧਨ ਕੀਤਾ।

ਰਾਜ ਮੰਤਰੀ ਨੇ ਵਿਲੇਨਿਊਵ ਵਿੱਚ ਮਹਾਤਮਾ ਗਾਂਧੀ ਦੇ ਬੁੱਤ 'ਤੇ ਉਂਨਾ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਜਿਨੇਵਾ ਵਿਖੇ ਪ੍ਰਮੁੱਖ ਅੰਤਰਰਾਸ਼ਟਰੀ ਸੰਸਥਾਵਾਂ ਦੇ ਮੈਂਬਰਾਂ ਨਾਲ ਗੱਲਬਾਤ ਕੀਤੀ। ਰਾਜ ਮੰਤਰੀ WIPO ਪਰਿਸਰ ਵਿੱਚ ਹੋਏ India@75 AzadiKaAmritMahostav ਸਮਾਗਮ ਦੇ "ਭਾਰਤੀ ਸਾੜੀਆਂ ਦੀ ਸ਼ਾਨਦਾਰ ਗਾਥਾ ਦਾ ਜਸ਼ਨ" ਵਿਸ਼ੇ ਅਤੇ ਅਤੇ ਖਾਦੀ ਟੇਪਸਟਰੀ ਦੀ ਪ੍ਰਦਰਸ਼ਨੀ 'ਤੇ ਮੁੱਖ ਬੁਲਾਰੇ ਸਨ, ਜਿਸ ਵਿੱਚ ਅੰਤਰਰਾਸ਼ਟਰੀ ਭਾਈਚਾਰੇ ਦੇ ਮੈਂਬਰ ਸ਼ਾਮਲ ਹੋਏ।

ਰਾਜ ਮੰਤਰੀ ਨੇ ਜ਼ਿਊਰਿਖ ਵਿੱਚ ਹੋਏ ਸਮਾਗਮ ਵਿੱਚ ਭਾਰਤੀ ਭਾਈਚਾਰੇ ਦੇ ਮੈਂਬਰਾਂ ਨੂੰ ਸੰਬੋਧਿਤ ਕੀਤਾ, ਜਿਸ ਦੌਰਾਨ "ਮਹਾਤਮਾ ਗਾਂਧੀ ਦੀ ਸਵਿਸ ਯਾਤਰਾ" ਸਿਰਲੇਖ ਵਾਲਾ ਕਿਤਾਬਚਾ ਜਾਰੀ ਕੀਤਾ ਗਿਆ। ਉਨ੍ਹਾਂ ਨੇ ਪਰਵਾਸੀ ਮਹਿਲਾ ਲੇਖਕਾਂ ਦੀਆਂ ਛੋਟੀਆਂ ਕਹਾਣੀਆਂ ਦਾ ਸੰਗ੍ਰਹਿ ਵੀ ਜਾਰੀ ਕੀਤਾ। ਉਨ੍ਹਾਂ ਨੇ ਸਵਿਟਜ਼ਰਲੈਂਡ ਵਿਖੇ ਪ੍ਰਮੁੱਖ ਯੋਗਾ ਅਭਿਆਸੀਆਂ ਨਾਲ ਕਰਾਏ ਗਏ ਯੋਗ ਸਮਾਗਮ ਵਿੱਚ ਵੀ ਹਿੱਸਾ ਲਿਆ।

ਨਵੀਂ ਦਿੱਲੀ
8 ਅਕਤੂਬਰ, 2021

DISCLAIMER: This is an approximate translation. The original is available in English on MEA’s website and may be referred to as the official press release.